# ਆਲਾ ਦੁਆਲਾ

## ਲੁਧਿਆਣਾ ਸਿਨੇਮਾ ਧਮਾਕੇ ਦੇ ਖਦਸ਼ੇ

ਈਦ ਦੀ ਖੁਸ਼ੀ ਮਨਾਉਂਦੇ ਹਜ਼ਾਰਾਂ ਲੋਕ ਬਜ਼ਾਰਾਂ, ਗਲੀਆਂ, ਧਾਰਮਿਕ ਸਥਾਨਾਂ ਤੇ ਖਰੀਦ ਕੇਂਦਰਾਂ ਵਿੱਚ ਘੁੰਮ ਰਹੇ ਸਨ ਕਿ ਲੁਧਿਆਣੇ ਦੇ ਸਮਰਾਲਾ ਚੌਂਕ ਦੇ ਨੇੜੇ ਸ਼ਹਿਰ ਵਾਲੇ ਪਾਸੇ ਪੈਂਦੇ ਸ਼ਿੰਗਾਰ ਸਿਨੇਮਾ ਵਿਚਲੇ ਇਕ ਹਾਲ ਵਿੱਚ ਜ਼ੋਰਦਾਰ ਬੰਬ ਫਟਿਆ ਜਿਸ ਵਿੱਚ ਲਗਭਗ 8 ਬੰਦੇ ਮਾਰੇ ਗਏ ਤੇ 40 ਜ਼ਖ਼ਮੀ ਹੋਏ ਜਿਨ੍ਹਾਂ ’ਚੋਂ ਕੁੱਝ ਕੁ ਦੀ ਹਾਲਤ ਨਾਜ਼ੁਕ ਹੈ। ਕਿਸੇ ਨਾਟੇ ਕੱਦ ਦੇ ਮੋਨੇ ਵਿਅਕਤੀ, ਜਿਸ ਨੇ ਨੀਲੀ ਕਮੀਜ਼ ਪਾਈ ਸੀ ਤੇ ਕਾਲੀ ਪੈਂਟ ਤੇ ਹੱਥ ਵਿੱਚ ਅਟੈਚੀ ਫੜਿਆ ਸੀ, ਦੁਆਰਾ ਬਲਾਸਟ ਕੀਤਾ ਦੱਸਿਆ ਗਿਆ ਹੈ। ਇੰਟਰਵਲ ਵੇਲੇ ਰੱਖਿਆ ਗਿਆ ਇਹ ਬੰਬ ਬਾਅਦ ਵਿੱਚ ਫਟਿਆ ਜਦੋਂ ਦੋ ਕੁਰਸੀਆਂ ਖਾਲੀ ਸਨ।

ਕੁੱਝ ਦਿਨ ਪਹਿਲਾਂ ਲੁਧਿਆਣੇ ਦੇ ਬਾਹਰਵਾਰ ਮੁੱਲਾਂਪੁਰ ਦੇ ਕੋਲ ਆਰ.ਡੀ.ਐਕਸ. ਇਕ ਕਾਰ ਵਿੱਚੋਂ ਫੜਿਆ ਗਿਆ ਸੀ ਤੇ ਇਸ ਸਬੰਧੀ ਫੜੋ ਫੜੀ ਜਾਰੀ ਹੈ। ਕੁੱਝ ਪੁਰਾਣੇ ਖਾੜਕੂ ਧੜਿਆਂ ਉੱਤੇ ਸ਼ੱਕ ਦੀ ਸੂਈ ਗਈ ਹੈ। ਆਖਰਕਾਰ ਕੋਈ ਤਾਂ ਹੈ ਹੀ ਜੋ ਕਿਤੇ ਵੱਡੀ ਯੋਜਨਾ ਬਣਾ ਰਿਹਾ ਹੈ ਤੇ ਫਿਰ ਕੜੀਆਂ ਜੋੜ ਕੇ ਛੋਟੇ ਧਮਾਕੇ ਕਰਵਾਂਦਾ ਹੈ। ਉਧਰ ਪਾਕਿਸਤਾਨ ਵਿੱਚ ਬੇਨਜ਼ੀਰ ਭੁੱਟੋ ਦੇ ਕਰਾਚੀ ਅੱਡੇ ’ਤੇ ਪਹੁੰਚਣ ਉਪਰੰਤ ਆਪਣੇ ਸ਼ਹਿਰ ਵੱਲ ਕੂਚ ਕਰਦੇ, ਕਾਫ਼ਲੇ ਉੱਤੇ ਦੋ ਅਤਿ ਵੱਡੇ ਧਮਾਕੇ ਹੋਏ ਤੇ ਉਸ ਦੀ ਤਬਾਹੀ ‘ਅਲਕਾਇਦਾ’ ਦੇ ਪੱਧਰ ਦੀ ਹੈ। ਲੱਗਦਾ ਹੈ ਕਿ ਜਿਹੜਾ ਬਾਰੂਦ ਪਹਾੜਾਂ ਵਿੱਚ ਸੁਰੰਗਾਂ ਖੋਦਣ ਲਈ ਵਰਤਿਆ ਜਾਂਦਾ ਹੈ ਉਸ ਤੋਂ ਵੀ ਖ਼ਤਰਨਾਕ ਤੇ ਮਾਰੂ ਬਾਰੂਦ ਲੋਕਾਂ ਦੀਆਂ ਭੀੜਾਂ ਵਿੱਚ ਫਟਾਇਆ ਜਾ ਰਿਹਾ ਹੈ। ਪਾਕਿਸਤਾਨ ਦੀ ਖੁਫੀਆ ਏਜੰਸੀ ਦੀ ਸਮਰਥਾ ਉਤੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ। ਸਾਰੇ ਇਲਾਕਿਆਂ ਵਿੱਚ ਕੰਮ ਕਰਨ ਵਾਲੇ ਭਾੜੇ ਉੱਤੇ ਮਿਲ ਜਾਂਦੇ ਹਨ ਤੇ ਟ੍ਰੇਨਿੰਗ ਨਾਲ ਵੀ ਤਿਆਰ ਕੀਤੇ ਜਾਂਦੇ ਹਨ। ਬੇਰੁਜ਼ਗਾਰ ਨੌਜਵਾਨ ਨੂੰ ਮਾਇਕ ਮਦਦ ਕਰਕੇ ਉਸ ਪਾਸੋਂ ਬਹੁਤ ਕੁੱਝ ਕਰਵਾਇਆ ਜਾ ਸਕਦਾ ਹੈ। ਸੁਰੱਖਿਆ ਏਜੰਸੀਆਂ ਦਾ ਨੈਟਵਰਕ ਏਨਾ ਸੂਖਮ ਨਹੀਂ ਕਿ ਉਹ ਕੌਮਾਂਤਰੀ ਪੱਧਰ ਦੇ ਅਤਿਵਾਦ ਨੂੰ ਪੂਰੀ ਤਰ੍ਹਾਂ ਕਾਬੂ ਵਿੱਚ ਕਰ ਸਕੇ। ਲੋਕ ਵੀ ਸੰਗਠਤ ਨਹੀਂ ਹੋ ਸਕਦੇ। ਵੱਡੀ ਅਬਾਦੀ ਵਿੱਚ ਹਰ ਕਿਸੇ ਨੂੰ ਦੂਜੇ ’ਤੇ ਸ਼ੱਕ ਹੁੰਦਾ ਹੈ। ਇਸਤਰੀਆਂ ਦੀ ਇੱਜ਼ਤ, ਜੇਬ ਦੇ ਪਰਸ, ਸਰੀਰ ਦੇ ਅੰਗ ਆਦਿ ਕਈ ਚੀਜ਼ਾਂ ਦੀ ਸੁਰੱਖਿਆ ਵੱਲ ਵੱਧ ਧਿਆਨ ਹੁੰਦਾ ਹੈ ਤੇ ਮਨੋਰੰਜਨ ਦੀ ਮੌਜ ਵਿੱਚ ਬੰਦਾ ਇਨ੍ਹਾਂ ਵਲੋਂ ਵੀ ਬੇਧਿਆਨ ਹੋ ਜਾਂਦਾ ਹੈ। ਜੇ ਬੰਬ ਦਾ ਡਰ ਹੋਵੇ ਤਾਂ ਲੋਕ ਸਿਨੇਮੇ, ਬਜ਼ਾਰ ਜਾਂ ਮੇਲੇ ਵਿੱਚ ਜਾਣ ਹੀ ਕਿਉਂ?

ਏਨੀ ਗੱਲ ਜ਼ਰੂਰ ਚੰਗੀ ਹੋਈ ਹੈ ਕਿ ਸਾਰੇ ਵਰਗਾਂ, ਧਰਮਾਂ ਤੇ ਫਿਰਕਿਆਂ ਦੇ ਲੋਕ ਆਪਸ ਵਿੱਚ ਇਕਸੁਰਤਾ ਅੰਦਰ ਬੱਝੇ ਹੋਏ ਹਨ। ਫਿਰਕੂ ਫਸਾਦਾਂ ਦੀ ਨੌਬਤ ਪੰਜਾਬ ਅੰਦਰ ਆਉਣ ਦੇ ਆਸਾਰ ਨਾ-ਮਾਤਰ ਹੀ ਹਨ।

## ਸਿੱਖ ਮਾਡਲਿੰਗ ਤੇ ਸ਼ੋਭਾ ਮੁਕਾਬਲੇ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ 17 ਨਵੰਬਰ ਨੂੰ ‘ਯੰਗ ਸਿੱਖ ਸਟਾਰ ਆਫ਼ ਪੰਜਾਬ’ ਦਾ ਮੁਕਾਬਲਾ ਲੁਧਿਆਣਾ ਜੀ.ਆਰ.ਡੀ. ਅਕੈਡਮੀ, ਹੰਬੜਾਂ ਰੋਡ, ਹੈਬੋਵਾਲ ਵਿਖੇ ਕਰਵਾਇਆ ਜਾ ਰਿਹਾ ਹੈ। ਅਕਾਲ ਪੁਰਖ ਕੀ ਫੌਜ, ਅੰਮ੍ਰਿਤਸਰ ਵਲੋਂ ਵੀ ਕੌਮੀ ਪੱਧਰ ’ਤੇ ਮੁਕਾਬਲਾ ਕਰਵਾ ਕੇ ਦਸਤਾਰ ਦੀ ਸ਼ਾਨ ਤੇ ਸਿੱਖੀ ਸਰੂਪ ਦੀ ਆਭਾ ਵਧਾਉਣ ਦਾ ਉਪਰਾਲਾ ਹੋ ਰਿਹਾ ਹੈ। ਇਹ ਦੋਵੇਂ ਉੱਦਮ ਲੜਕਿਆਂ ਨਾਲ ਜੁੜੇ ਹੋਏ ਹਨ। ਉਧਰ ਈ.ਟੀ.ਸੀ. ਪੰਜਾਬੀ ਵਲੋਂ ‘ਮਿਸ ਪੰਜਾਬਣ’ ਦਾ ਮੁਕਾਬਲਾ ਵੱਡੇ ਪੱਧਰ ’ਤੇ ਕਰਵਾਇਆ ਜਾ ਰਿਹਾ ਹੈ ਤੇ ਉਸ ਦੀਆਂ ਆਡੀਸ਼ਨਾਂ ਪੀ.ਟੀ.ਸੀ. ਉੱਤੇ ਦਿਖਾਈਆਂ ਜਾ ਰਹੀਆਂ ਹਨ।

ਇਨ੍ਹਾਂ ਮੁਕਾਬਲਿਆਂ ਦੇ ਕਰਕੇ ਸਾਰੇ ਪਾਸੇ ਸੁੰਦਰ ਦਸਤਾਰਾਂ ਸਜਾਈਆਂ ਜਾ ਰਹੀਆਂ ਹਨ ਤੇ ਮੈਚਿੰਗ ਪੁਸ਼ਾਕ ਪਾ ਕੇ ਸਰਦਾਰੀ ਸਰੂਪ ਦੀ ਸ਼ੋਭਾ ਵੱਧ ਰਹੀ ਹੈ। ਕੁੱਝ ਹੱਦ ਤੱਕ ਇਨ੍ਹਾਂ ਵਿੱਚ ਕਲਾ ਤੇ ਬੁੱਧੀਮਤਾ ਨੂੰ ਵੀ ਨਾਪਿਆ ਜਾਂਦਾ ਹੈ। ਇਸ ਪਾਸੇ ਸਰੂਪ ਦੀ ਪਕਿਆਈ ਤੇ ਸੁੰਦਰਤਾ ਦੇ ਨਾਲ-ਨਾਲ ਲਿਆਕਤ ਤੇ ਖੋਜੀ ਬਿਰਤੀ ਨੂੰ ਸ਼ਾਬਾਸ਼ ਦੇਣ ਦੀ ਰਵਾਇਤ ਵਧੇਰੇ ਸ਼ਕਤੀਦਾਇਕ ਹੋ ਸਕਦੀ ਹੈ। ਇਸਤਰੀਆਂ/ਕੁੜੀਆਂ ਨੂੰ ਸ਼ਾਬਾਸ਼ ਦੇਣ ਦੀ ਲੋੜ ਹੈ ਤਾਂ ਕਿ ਉਨ੍ਹਾਂ ਦਾ ਸਿੱਖ ਸਰੂਪ ਨਾਲ ਪਿਆਰ ਵਧੇਰੇ ਪ੍ਰਪੱਕ ਹੋ ਸਕੇ।

## ਕਬੂਤਰਬਾਜ਼ੀ ਦਾ ਸਭਿਆਚਾਰ

ਪਿੱਛੇ ਜਿਹੇ 29 ਜਣਿਆਂ ਦੇ ਇਕ ਸਭਿਆਚਾਰ ਗਰੁੱਪ ਨੂੰ ਦਿੱਲੀ ਹਵਾਈ ਅੱਡੇ ’ਤੇ ਕਬੂਤਰਬਾਜ਼ੀ ਦੇ ਸ਼ੱਕ ਵਿੱਚ ਰੋਕ ਲਿਆ ਗਿਆ ਤੇ ਖੋਜ ਕਰਨ ’ਤੇ ਪਤਾ ਲੱਗਾ ਕਿ ਇਨ੍ਹਾਂ ਵਿੱਚ 10-15 ਹੀ ਕਲਾਕਾਰ ਸਨ ਬਾਕੀ ਸਾਰੇ ਕਬੂਤਰ ਸਨ, ਭਾਵ ਉਹ ਪੁਰਸ਼ ਇਸਤਰੀਆਂ ਜੋ ਪੈਸੇ ਦੇ ਕੇ ਸਭਿਆਚਾਰਕ ਟੋਲੇ ਨਾਲ ਬਾਹਰ ਚਲੇ ਜਾਂਦੇ ਹਨ ਤੇ ਫੇਰ ਉਥੇ ਹੀ ਟਿਕ ਜਾਂਦੇ ਹਨ। ਪੰਜਾਬ ਵਿੱਚ ਵੱਡੇ ਛੋਟੇ ਕਲਾਕਾਰ, ਕਥਾਕਾਰ, ਧਾਰਮਿਕ ਪ੍ਰਚਾਰਕ ਆਦਿਕ ਇਸ ਧੰਧੇ ਵਿੱਚ ਘੱਟ-ਵੱਧ ਲੱਗੇ ਹੋਏ ਦੱਸੇ ਜਾਂਦੇ ਹਨ। ਕਹਿੰਦੇ ਹਨ ਕਿ ਏਨੇ ਰਾਗੀ ਬਣ ਕੇ ਤੇ ਕਥਾਕਾਰ ਬਣ ਕੇ ਗਏ ਹਨ ਜਿੰਨੇ ਓਥੇ ਗੁਰਦੁਆਰੇ ਨਹੀਂ। ਇਕ ਵਾਰ ਤਾਂ ਪੰਜ ਪਿਆਰਿਆਂ ਦੇ ਰੂਪ ਵਿੱਚ ਗਏ ਕੁੱਝ ਸੱਜਣ ਵੀ ਵਿਦੇਸ਼ੀ ਧਰਤੀ ਦੀ ਗੋਦ ਦਾ ਅਨੰਦ ਮਾਣਨ ਲਈ ਉਥੇ ਹੀ ਟਿਕ ਗਏ।

ਕਬੂਤਰਬਾਜ਼ੀ ਦਾ ਧੰਧਾ ਏਨਾ ਵੱਧ ਗਿਆ ਹੈ ਕਿ ਐਮ.ਪੀ. ਤੱਕ ਦੇ ਸੱਜਣ ਇਸ ਵਿੱਚ ਪੈਸਾ ਇਕੱਠਾ ਕਰਨ ਲੱਗੇ ਹੋਏ ਹਨ। ਜੇ ਸਖ਼ਤ ਕਾਰਵਾਈ ਹੋਵੇ ਤਾਂ ਹੀ ਅੱਗੋਂ ਇਸ ਕੰਮ ਬੰਦ ਹੋਵੇਗਾ ਤੇ ਕਿਹਾ ਜਾਂਦੈ ਕਿ ਜੇ ਕਿਸੇ ਅਧਿਕਾਰਤ ਬੰਦੇ ਦਾ ਬੰਦਾ ਤੁਸੀਂ ਨਾਲ ਨਹੀਂ ਲਿਜਾਂਦੇ ਤਾਂ ਹੀ ਕੰਮ ਵਿਗੜਦੈ ਨਹੀਂ ਤਾਂ ਗੱਡੀ ਸਾਫ ਸੁਥਰੀ ਚੱਲਦੀ ਰਹਿੰਦੀ ਏ।